# ਪਰਵਾਸੀ ਸਭਿਆਚਾਰਕ ਸੰਕਟ

# ਹਰਜੀਤ ਅਟਵਾਲ ਦੇ ਨਾਵਲਾਂ ਸਾਊਥਹਾਲ ਤੇ ਰੇਤ ਦੇ ਸੰਦਰਭ ਚ:

**ਬਿਕਰਮਜੀਤ ਸਿੰਘ**

**ਖੌਜਾਰਥੀ ਪੰਜਾਬੀ ਵਿਭਾਗ**

**ਸੀ.ਟੀ ਯੂਨੀਵਰਸਟੀ ਲੁਧਿਆਨਾ**

ਪਰਵਾਸ ਸ਼ਬਦ ਅੰਗਰੇਜ਼ੀ ਦੇ ਸ਼ਬਦ ਇਮੀਗ੍ਰੇਸ਼ਨ ਦਾ ਸਮਾਨ ਅਰਥੀ ਹੈ । ਪਰਵਾਸ ਸ਼ਬਦ ਪਰ+ਵਾਸ ਦੋ ਸ਼ਬਦਾਂ ਦਾ ਸੁਮੇਲ ਤੋਂ ਬਣਿਆ ਹੈ 'ਪਰ' ਦਾ ਭਾਵ ਪਰਾਇਆ ਅਤੇ 'ਵਾਸ' ਤੋਂ ਭਾਵ ਹੈ ਵਸਣਾ ਅਰਥਾਤ ਮੂਲ ਸਥਾਨ ਛੱਡ ਕੇ ਕਿਸੇ ਹੋਰ ਸਥਾਨ ਉਤੇ ਜਾ ਕੇ ਵਸਣਾ ਪਰਵਾਸ ਹੈ । ਪਰਵਾਸ ਦੇ ਸਹੀ ਅਰਥਾਂ ਨੂੰ ਜਾਨਣ ਲਈ ਸਾਨੂੰ ਵਾਸੀ, ਅਵਾਸੀ, ਪਰਵਾਸੀ, ਵਿਦੇਸ਼ੀ, ਐਨ.ਆਰ.ਆਈ ਆਬਦਕਾਰ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ।ਇਸ ਤਰ੍ਹਾਂ ਪਰਵਾਸੀ ਤੌਂ ਭਾਵ ਹੈ ਕਿ ਆਪਣੀ ਧਰਤੀ ਨੂੰ ਛੱਡ ਕੇ ਕਿਸੇ ਹੋਰ ਧਰਤੀ ਉਪਰ ਵਸਣਾ ਹੈ।ਆਵਾਸੀ ਤੇ ਪਰਵਾਸੀ ਸ਼ਬਦ ਦੀ ਵਰਤੋਂ ਵੀ ਪਰਵਾਸੀਆਂ ਲਈ ਕੀਤੀ ਜਾਂਦੀ ਹੈ।

ਅਵਾਸੀ ਵਾਸੀ ਦਾ ਉਲਟ ਹੈ ਵਾਸੀ ਉਹ ਹੈ ਜੋ ਪੁਸ਼ਤਾਂ ਤੌਂ ਸੰਬੰਧਿਤ ਧਰਤੀ ਤੇ ਵਸ ਰਿਹਾ ਹੋਵੇ, ਆਵਾਸੀ ਉਹ ਹੈ ਜੋ ਕਿਸੇ ਹੋਰ ਧਰਤੀ ਦਾ ਵਾਸੀ ਹੈ,ਪਰ ਸੰਬੰਧਤ ਧਰਤੀ ਦੀ ਕਿਸੇ ਤਲਾਸ਼ ਵਿੱਚ ਆਇਆ ਹੋਵੇ। ਪਰਵਾਸੀ ਸ਼ਬਦ ਅਸੀ ਵਰਤਦੇ ਹਾਂ ਕਿ ਉਹ ਵਿਅਕਤੀ ਜਿਹੜਾਂ ਰੌਜਗਾਰ ਜਾਂ ਆਪਣੇ ਚੰਗੇਰੇ ਭਵਿੱਖ ਲਈ ਆਪਣੇ ਮੁਲਕ ਜਾਂ ਦੇਸ਼ ਛੱਡ ਕੇ ਕਿਸੇ ਦੂਜੇ ਮੁਲਕ ਵਿੱਚ ਪਕੇ ਤੋਰ ਤੇ ਵਸਣ ਲਈ ਆਇਆ ਹੋਵੇ ।ਪਰਵਾਸੀ ਲੋਕ ਜਿਹੜੇ ਆਪਣੇ ਮਨੋਰਥ ਜਾਂ ਇਰਾਦੇ ਨਾਲ ਦੂਜੇ ਮੁਲਕ ਜਾਂ ਪਰਾਈ ਧਰਤੀ ਉਪਰ ਜਾਂਦੇ ਹਨ। ਆਬਾਦਕਾਰ ਜਿਹੜੇ ਪਰਵਾਸੀ ਲੋਕ ਦੂਜੇ ਦੇਸ਼ਾ ਵਿੱਚ ਆਬਾਦ ਹੋਣ ਦਾ ਫੈਸਲਾਂ ਕਰ ਲੈਂਦੇ ਹਨ ਉਹ ਆਬਾਦਕਾਰ ਕਹਿਲਾਉਦੇਂ ਹਨ।ਪਕੇ ਤੋਰ ਤੇ ਦੂਹੇ ਦੇਸ਼ ਵਿੱਚ ਰਹਿਣ ਵਾਲੇ ਇਹ ਲੋਕ ਪਰਵਾਸੀ ਨਹੀ ਆਬਾਦਕਾਰ ਕਹਿਲਾਉਂਦੇ ਹਨ।

ਇਸ ਤਰ੍ਹਾਂ ਇਹ ਪਰਵਾਸ ਦੇ ਅਰਥ ਪਰਾਈ ਧਰਤੀ ਤੇ ਵਸਣ ਨਾਲ ਜੁੜੇ ਹੋਏ ਹਨ ਪਰ ਇਸਦ ਵਿੱਚ ਅਰਥ ਸਥਾਈ ਵਾਸ ਨਹੀ ਹੁੰਦਾਂ।ਪਰਵਾਸੀ ਲੋਕ ਪਰਾਈ ਧਰਤੀ ਦੇ ਉਪਰ ਤਾਂ ਵਸ ਜਾਂਦੇ ਹਨ ਪਰ ਇਹਨਾਂ ਅੰਦਰ ਆਪਣੇ ਮੁਲਕ ਜਾਂ ਧਰਤੀ ਪ੍ਰਤੀ ਮਾਨਸਿਕ ਤੋਰ ਅਤੇ ਆਪਣੇ ਪਿਛੋਕੜ ਨਾਲ ਜੁੜੇ ਹੁੰਦੇ ਹਨ ।ਇਨ੍ਹਾਂ ਅੰਦਰ ਆਪਣੇ ਦੇਸ਼ ਪ੍ਰਤੀ ਪਿਆਰ ,ਸੰਵੇਦਨਾਂ ਹਿਰਦੇ ਅੰਦਰ ਭਰੀ ਹੁੰਦੀ ਹੈ ਜਿੰਨ੍ਹਾਂ ਵਿੱਚ ਪਰਵਾਸੀਆਂ ਅੰਦਰ ਆਪਣੇ ਵਤਨ ਪਰਤ ਆਉਣ ਦੀ ਸੰਭਾਵਨਾਵਾ ਬਣੀਆਂ ਰਹਿੰਦੀਆਂ ਹਨ ।ਪਰਵਾਸ ਇਕ ਅਜਿਹਾ ਸਰੋਕਾਰ ਹੈ ਜਿਸ ਵਿੱਚ ਆਪਣੇ ਆਪ ਨੂੰ ਸਥਾਪਿਤ ਕਰਣਾ ਅਤੇ ਪਰਾਈ ਧਰਤੀ ਦੇ ਉਪਰ ਜਾ ਕੇ ਆਰਥਿਕ ਅਤੇ ਸਮਾਜਿਕ ਤੋਰ ਤੇ ਤਕੜਾ ਹੋਣ ਉਪਰੰਤ ਵਾਪਿਸ ਨਹੀ ਆ ਸਕਦੇ ।ਪਰਵਾਸੀ ਸੁਮਦਾਇ ਆਪਣੇ ਆਪ ਨੂੰ ਪੂਰਨ ਰੂਪ ਵਿੱਚ ਉਸ ਮੁਲਕ ਦੇ ਕਾਨੂੰਨ ਅਨੁਸਾਰ ਪੱਕਾ ਵਸਿੰਦਾ ਮੰਨ ਲੈਂਦਾ ਹੈ। ਪਰਵਾਸੀ ਦੁਆਰਾ ਆਪਣੇ ਆਪ ਨੂੰ ਪਛੱਮ ਦੇ ਕਾਨੂੰਨਾ ਅਨੁਸਾਰ ਸਥਾਪਿਤ ਤਾਂ ਕਰ ਲਿਆ ਜਾਂਦਾਂ ਹੈ ਪਰਵਾਸੀਆਂ ਨੂੰ ਉਥੋਂ ਦੀ ਮੋਜੂਦਾ ਪ੍ਰਸਿਥਤੀਆਂ ਦੇ ਨਾਲ ਦੋ ਚਾਰ ਵੀ ਹੋਣਾ ਪੈਂਦਾਂ ਹੈ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਨੌਕਰੀਆਂ ਨਾਲ ਪੱਖਪਾਤ,ਸਭਿਆਚਾਰ ਸੰਕਟ,ਨਸਲੀ ਵਿਤਕਰਾ ਆਦਿ ਦਾ ਸਾਹਮਾਣਾ ਵੀ ਕਰਨਾ ਪੈਂਦਾ ਹੈ ਜਿਸ ਵਿਚ ਪਰਵਾਸੀ ਭਾਈਚਾਰਾ ਅਣਥੱਕ ਕੋਸ਼ਿਸਾ ਦੇ ਬਾਵਜੂਦ ਪਛੱਮ ਦੀਆਂ ਪ੍ਰਸਿਥਤੀਆਂ ਅਨੁਸਾਰ ਅਨੁਸਾਰ ਢਲ ਵੀ ਜਾਂਦੇ ਹਨ।ਪਰਵਾਸੀਆਂ ਸਮੁਦਾਇ ਆਪਣੇ ਆਪ ਨੂੰ ਸਥਾਪਿਤ ਕਰਨ ਤੋਂ ਬਾਅਦ ਆਰਥਿਕ ਸਥਿਤੀ ਨੂੰ ਸੁਧਾਰ ਲਿਆ ਜਾਂਦਾ ਹੈ ਉਹ ਇਕ ਕਾਨੂੰਨੀ ਤੋਰ ਤੇ ਨਾਗਿਰਕ ਹੋ ਜਾਂਦਾਂ ਹੈ ਜਿਸ ਵਿੱਚ ਪਛੱਮ ਦੀਆਂ ਸਾਰੀਆਂ ਸਹੂਲਤਾਂ ਨੂੰ ਮਾਣਦਾ ਹੈ ਤਾਂ ਇਹ ਲੋਕ ਆਪਣੇ ਪਰਿਵਾਰ ਜਿੰਨ੍ਹਾਂ ਨੂੰ ਆਪਣੇ ਮੁਲਕਾਂ ਵਿਚ ਛੱਡ ਕੇ ਆਏ ਹੁੰਦੇ ਹਨ ਉਹਨਾਂ ਨੂੰ ਬੁਲਾਉਣ ਲਈ ਕਾਨੂੰਨੀ ਰਾਸਤੇ ਅਪਣਾਉਂਦੇ ਹਨ।ਜਿੰਨ੍ਹਾਂ ਦੁਆਰਾ ਪਰਵਾਸੀ ਭਾਈਚਾਰੇ ਅੰਦਰ ਆਪਣੇ ਪਰਿਵਾਰਾਂ ਨੂੰ ਬੁਲਾਉਣ ਲਈ ਖਿੱਚ ਰਹਿੰਦੀ ਹੈ।ਪਰਵਾਸੀ ਸਮੁਦਾਇ ਜਦੋ ਦੇਖਦਾ ਹੈ ਕਿ ਇਨ੍ਹਾਂ ਮੁਲਕਾ ਵਿੱਚ ਸੁਖ-ਸਹੂਲਤਾਂ ਕਿਤੇ ਜਿਆਦਾ ਹਨ,ਇਨ੍ਹਾਂ ਮੁਲਕਾਂ ਵਿੱਚ ਨਿਜੀ ਅਜਾਦੀ, ਕਾਨੂੰਨੀ-ਵਿਵਸਥਾਂ ,ਉਨਤੀ ਕਰਨ ਦੇ ਬੇਪਨਾਹ ਮੋਕੇ ਅਜਿਹੇ ਹਨ ਜੋ ਕਿ ਖਿੱਚ ਦੇ ਕੇਂਦਰ ਦਾ ਮੁਖ ਕਾਰਣ ਬਣਦੇ ਹਨ ਜਦ ਕਿ ਸਾਡੇ ਮੁਲਕਾਂ ਵਿੱਚ ਮੰਦੀ ਦੀ ਆਰਥਿਕਤਾ,ਧਾਰਿਮਕ ਕਟੜਤਾ, ਬੇਰੋਜਗਾਰੀ ਅਜਿਹੇ ਵਰਤਾਰੇ ਹਨ ਕਿ ਪਰਵਾਸ ਦੀ ਪ੍ਰਕਿਰਿਆ ਗਤੀਸ਼ੀਲ ਦੇ ਰੂਪ ਵਿੱਚ ਸਾਹਮਾਣੇ ਆਉਂਦੀ ਹੈ ।ਪਰਵਾਸੀ ਭਾਈਚਾਰਾ ਜਦੋ ਅਜਿਹੀ ਪ੍ਰਸਿਥਤੀਆਂ

ਨੂੰ ਦੇਖ ਦਾ ਹੈ ਤਾਂ ਆਪਣੇ ਪਰਿਵਾਰਾ ਦੇ ਸੁਨਹਿਰੀ ਭਵਿੱਖ ਲਈ ਪੱਛਮ ਦੇ ਮੁਲਕਾਂ ਦੇ ਕਾਨੂੰਨਾਂ ਰਾਸਿਤਆਂ ਰਾਹੀ ਬੁਲਾਉਣ ਲਈ ਜਦੋ ਜਹਿਦ ਵਿੱਚ ਲਗ ਜਾਂਦਾਂ ਹੈ।

ਪਰਵਾਸੀ ਪੰਜਾਬੀ ਸਿਆਚਾਰ ਦੀ ਸਭ ਤੋਂ ਅਹਿਮ ਸਮੱਸਿਆ ਪੀੜ੍ਹੀ ਪਾੜ੍ਹਾ ਹੀ ਕਹੀ ਜਾ ਸਕਦੀ ਹੈ।ਹਰ ਮਾਂ ਬਾਪ ਦੀ ਇਹੀ ਦਿਲੀ ਇੱਛਾ ਹੁੰਦੀ ਹੈ ਕਿ ਉਸਦੇ ਬੱਚੇ ਜਿੰਦਗੀ ਦੇ ਠੀਕ ਪੱਖਾਂ ਨੂੰ ਸਮਝਣ ਅਤੇ ਜਿਸ ਨਾਲ ਉਹਨਾਂ ਦਾ ਨਾਂ ਰੋਸ਼ਨ ਹੋਵੇ । ਮਾਂ ਬਾਪ ਇਸ ਲਈ ਬੱਚਿਆਂ ਪ੍ਰਤੀ ਜਿਥੇ ਵਧੀਆ ਸਿੱਖਿਆ ਦਿਵਾਉਣ ਲਈ ਉਪਰਾਲੇ ਕਰਦੇ ਹਨ । ਪੜ੍ਹਾਈ ਲਈ ਪੈਸਾ ਵੀ ਖਰਚ ਕਰਦੇ ਹਨ । ਪਰਵਾਸੀਆ ਦੀ ਪਹਿਲੀ ਪੀੜੀ ਨੇ ਆਪਣੇ ਪਰਿਵਾਰ ਦੇ ਚੰਗੇਰੇ ਭਵਿੱਖ ਲਈ ਪਰਵਾਸ ਕੀਤਾ ਅਤੇ ਫਿਰ ਆਪਣੇ ਪਰਿਵਾਰਾਂ ਨੂੰ ਉਪਰ ਬੁਲਾਇਆ ਪਰਵਾਸੀਆ ਦੀ ਪਹਿਲੀ ਪੀੜ੍ਹੀ ਦੇ ਬੱਚੇ ਥੋੜੀ ਬਹੁਤ ਪੜ੍ਹਾਈ ਕਰਕੇ ਇਧਰੋ ਵਲੈਤ ਗਈ, ਇਸ ਪੀੜ੍ਹੀ ਨੇ ਪੱਛਮ ਦੇ ਖੁੱਲੇ ਮਾਹੋਲ ਨੂੰ ਹੋਲੀ ਹੋਲੀ ਕਬੂਲਿਆ।

ਪਰਵਾਸੀਆਂ ਦੀ ਪਹਿਲੀ ਪੀੜ੍ਹੀ ਨੇ ਪਰਵਾਸ ਵੇਲੇ ਕਦੇ ਸੋਚਿਆ ਨਹੀਂ ਸੀ ਕਿ ਉਹਨਾਂ ਦੇ ਬੱਚਿਆਂ ਉਪਰ ਪੱਛਮ ਇਸ ਹਦ ਤੱਕ ਹਾਵੀ ਹੋ ਜਾਵੇਗਾ ਕਿ ਮਾਪਿਆ ਅਤੇ ਬੱਚਿਆ ਵਿੱਚ ਇੱਕ ਵਿਥ ਪੈਦਾ ਹੋ ਜਾਵੇਗੀ । ਪਛੱਮੀ ਮਾਹੌਲ ਵਿੱਚ ਵਿਚਰ ਰਹੇ ਇਹ ਬੱਚੇ ਜਿੱਥੇ ਨਸ਼ਿਆ ਦੀ ਵਰਤੋ ਵਲ ਧਿਆਨ ਦੇ ਰਹੇ ਹਨ, ਉਥੇ ਕਲਬਾ, ਜੂਆਂ ਘਰ, ਜਿਨਸੀ ਸੰਬੰਧਾ ਰਾਤ ਦੇ ਸਮੇ ਘਰੇ ਲੇਟ ਆਉਣਾ, ਰਾਤ ਵੇਲੇ ਕੁੜੀ ਮੁੰਡਿਆ ਦਾ ਘਰ ਨਾ ਆਉਣਾ । ਮਾਪਿਆ ਦੇ ਰੋਕਟ ਟੋਕਣ ਤੇ ਮਾਪਿਆ ਦੀ ਵਿਰੋਧਤਾ ਆਦਿ ਗਲਾ ਪੱਛਮ ਵਿਚ ਆਮ ਹਨ ਜਿਸ ਕਰਕੇ ਮਾਪੇ ਬੱਚਿਆ ਨੂੰ ਚਾਹੁੰਦੇ ਹੋਏ ਵੀ ਕਾਨੂੰਨ ਦੇ ਡਰ ਤੋਂ ਰੋਕ ਨਹੀਂ ਸਕਦੇ ।

ਪੱਛਮ ਦੇ ਵਿਹੜੇ ਇਹਨਾਂ ਬੱਚਿਆਂ ਲਈ ਘਰ ਸਿਰਫ ਰੋਟੀ ਖਾਣ ਲਈ ਹੈ ਜਦ ਕਿ ਪੂਰਬ ਦੇ ਬੱਚਿਆ ਲਈ ਘਰ ਨਾਲ ਪਿਆਰ ਹੈ । ਪਰਵਾਸੀ ਮੁੰਡੇ ਕੁੜੀਆਂ ਵਿੱਚ ਆਮ ਹੀ ਵੇਖਣ ਨੂੰ ਮਿਲਦਾ ਹੈ ਮੁੰਡਾ ਕੁੜੀ ਆਪਣਾ ਜੀਵਨ ਸਾਥੀ ਆਪ ਚੁਣਦੇ ਹਨ । ਹਰਜੀਤ ਅਟਵਾਲ ਦਾ ਨਾਵਲ ਸਾਊਥਹਾਲ ਜੋ ਕਿ ਲੰਡਨ ਦੇ ਸ਼ਹਿਰ ਸਾਊਥਹਾਲ ਦੇ ਉਪਰ ਅਧਾਰਿਤ ਹੈ ਜਿਸ ਵਿੱਚ ਨਾਵਲ ਦੀ ਸ਼ੁਰੂਆਤ ਸੁਖੀ ਦੇ ਕਤਲ ਦੀ ਘਟਨਾਂ ਤੋਂ ਹੁੰਦੀ ਹੈ।ਸਾਧੂ ਸਿੰਘ ਜੋ ਕਿ ਸੁਖੀ ਦਾ ਪਿਉ ਹੈ। ਸਾਧੂ ਸਿੰਘ ਆਪਣੇ ਨਾਲ ਆਪਣੇ ਦੇਸ਼ ਦੇ ਮੁੱਲ ਪ੍ਰਬੰਧ ਨੂੰ ਵੀ ਲੈ ਕੇ ਜਾਂਦੇ ਹਨ ਪਰ ਉਥੇ ਜੰਮੀ-ਪਲੀ ਉਨ੍ਹਾਂ ਦੀ ਔਲਾਦ ਆਪਣੀ ਪਿਛਲੀ ਪੀੜ੍ਹੀ ਦਰਮਿਆਨ ਇੱਕ ਘੋਲ ਚਲਦਾ ਹੈ ।ਜਿਸ ਦਾ ਸ਼ਿਕਾਰ ਸ਼ਾਧੂ ਸਿੰਘ ਅਤੇ ਉਸ ਦੀ ਧੀ ਹੁੰਦੇ ਹਨ।ਜਿਸ ਵਿੱਚ ਸੁਖੀ ਜੋ ਕਿ ਇਸ ਨਾਵਲ ਦੇ ਪਾਤਰ ਸਾਧੂ ਸਿੰਘ

ਦੀ ਧੀ ਹੈ ਜਿਸਦਾ ਕਿਸੇ ਹੋਰ ਮੁੰਡੇ ਨਾਲ ਦੋਸਤੀ ਸੀ ਜੋ ਕਿ ਇੱਕ ਮੁਸਲਮਾਨ ਸੀ। ਇਹ ਗੱਲ ਸਾਧੂ ਸਿੰਘ ਨੂੰ ਬਰਦਾਸ਼ਤ ਨਹੀ ਸੀ । ਸਾਧੂ ਸਿੰਘ ਆਪਣੀ ਅਣਖ ਦੀ ਖਾਤਰ ਸੁਖੀ ਦਾ ਕਤਲ ਕਰ ਦਿੰਦਾ ਹੈ ਜਿਸ ਕਾਰਣ ਉਸਨੂੰ ਉਮਰ ਕੈਦ ਹੋ ਜਾਂਦੀ ਹੈ ਪਰ ਸਾਊਥਹਾਲ ਜਿਸ ਦੀ ਬਹੁਤੀ ਵਸੋਂ ਪੰਜਾਬੀਆਂ ਦੀ ਹੈ ਇਸ ਗੱਲ ਦਾ ਬੁਰਾ ਨਹੀ ਮੁਨਾਉਂਦਾ  ਸਗੋਂ ਇਸਨੂੰ ਸਾਧੂ ਦੀ ਬਹਾਦਰੀ ਸਮਝਦਾ ਹੈ।

> " ਆਹ ਦੇਖ ,ਸਾਧੂ ਨਾਲ ਕੀ ਹੋਇਆ।ਸਾਡੇ ਨਾਲ ਹੀ ਆਇਆ ਸੀ,
> ਇਕੱਠੇ ਹੀ ਗੱਤੇ ਵਾਲੀ ਫੈਕਟਰੀ ਵਿੱਚ ਕੰਮ ਕਰਦੇ ਆਂ ,ਪਰ
> ਉਹ ਮਰਦ ਦਾ ਬੱਚਾ ਨਿਕਲਿਆ,ਅਸਲੀ ਮਰਦ..........।"

ਪਰਵਾਸੀ ਪੰਜਾਬੀ ਭਾਈਚਾਰਾ ਜੋ ਕਿ ਪਰਵਾਸ ਵਿੱਚ  ਬਗਾਨੇ ਸਭਿਆਚਾਰ ਵਿੱਚ ਜਾਂਦਾਂ ਹੈ ਜਿਸ ਵਿੱਚ ਇਸ ਘੋਲ ਵਿੱਚ ਦੋਹੇਂ ਧਿਰਾਂ ਸੰਘਰਸ਼ ਕਰਦੀਆਂ ਹਨ । ਮਾਪੇ ਅਤੇ ਔਲਾਦ ਦਾ ਰਿਸ਼ਤਾ ਇੱਕ ਪਾਸੇ ਉਨ੍ਹਾਂ ਨੂੰ ਬੰਨ੍ਹੀ ਰੱਖਦਾ ਹੈ, ਦੂਜੇ ਪਾਸੇ ਵਿਚਾਰਾਂ ਵਿਚਲਾ ਫ਼ਰਕ ਉਨ੍ਹਾਂ ਨੂੰ ਇੱਕ ਦੂਜੇ ਨਾਲੋਂ ਤੋੜਦਾ ਹੈ । ਜਿਸ ਦਾ ਸ਼ਿਕਾਰ ਸੁਖੀ ਅਤੇ ਉਸ ਦਾ ਪਿਉ ਹੁੰਦੇ ਹਨ।ਇਸ ਨੂੰ ਸਭਿਆਚਾਰਕ ਪਾੜ੍ਹੇ ਵਜੋਂ ਵੀ ਪਛਾਣਿਆ ਜਾ ਸਕਦਾ ਹੈ। ਪੂੰਜੀਵਾਦੀ ਸਮਾਜ ਬੱਚਿਆਂ ਨੂੰ ਨਿੱਜੀ ਆਜ਼ਾਦੀ ਦਿੰਦਾ ਹੈ ਜਿਸ ਕਰਕੇ ਮਾਪੇ ਆਪਣੇ ਬੱਚਿਆਂ ਨੂੰ ਕਿਸੇ ਕੰਮ ਕਰਨ ਤੋਂ ਰੋਕ ਨਹੀਂ ਸਕਦੇ । ਪੱਛਮੀ ਬੱਚਿਆਂ ਦੀ ਤਰ੍ਹਾਂ ਇਹ ਖੁੱਲ੍ਹ, ਪਰਵਾਸੀਆਂ ਦੇ ਉਥੇ ਜੰਮੇ ਬੱਚੇ ਵੀ ਲੈ ਰਹੇ ਹਨ । ਇਸ ਖੁੱਲ੍ਹ ਨੂੰ ਮਾਣਦੇ ਇਹ ਬੱਚੇ ਆਪਣੇ ਮਾਪਿਆਂ ਦੀ ਕੋਈ ਪਰਵਾਹ ਕੀਤੇ ਬਿਨਾਂ ਨਸ਼ਿਆਂ, ਕਲੱਬਾਂ, ਜੂਆਂ ਘਰਾਂ ਤੇ ਹੋਰ ਅਸ਼ਲੀਲ ਸੰਚਾਰ ਦੇ ਮਾਧਿਅਮਾਂ ਵਿੱਚ ਲੀਨ ਰਹਿੰਦੇ ਹਨ। ਜਦੋਂ ਮਾਪੇ ਬੱਚਿਆਂ ਨੂੰ ਇਹਨਾਂ ਖੁੱਲਾਂ ਤੋਂ ਟੋਕਦੇ ਹਨ ਤਾਂ ਬੱਚੇ ਆਪਣੇ ਮਾਪਿਆਂ ਦੇ ਘਰੋਂ ਭੱਜ ਜਾਂਦੇ ਹਨ । ਮਾਪੇ ਇਸ ਸਥਿਤੀ ਵਿੱਚ ਪੂਰੇ ਤਨਾਉ-ਗ੍ਰਸਤ ਰਹਿੰਦੇ ਹਨ।

ਇਨਸਾਨ ਜਿਸ ਸਮਾਜ ਵਿੱਚ ਰਹਿੰਦਾ ਹੈ ਅਤੇ ਜਿਹੋ ਜਿਹੇ ਤਰੀਕਿਆ ਨਾਲ ਜਿੰਦਗੀ ਹੰਢਾਅ ਰਿਹਾ ਹੁੰਦਾ ਹੈ । ਰੋਜਾਨਾ ਜ਼ਿੰਦਗੀ ਦੇ ਕਾਰ-ਵਿਹਾਰ, ਖਾਣ-ਪਹਿਨਣ, ਰਸਮੋ-ਰਿਵਾਜ ਆਦਿ ਨਾਲ ਹਰ ਇੱਕ ਵਿਅਕਤੀ ਜੁੜਿਆ ਹੁੰਦਾ ਹੈ । ਹਰੇਕ ਵਿਅਕਤੀ ਦਾ ਜੀਵਨ ਪੱਧਰ ਆਪਣੇ ਆਪਣਾ ਹੁੰਦਾ ਹੈ, ਇਹ ਅੰਤਰ ਪਿੰਡ, ਸ਼ਹਿਰ ਅਤੇ ਸਮੁੱਚੇ ਦੇਸ਼ ਪੱਧਰ ਤੇ ਵੀ ਹੁੰਦਾ ਹੈ । ਪਰਵਾਸੀਆਂ ਦੀ ਪਹਿਲੀ ਪੀੜ੍ਹੀ

ਜਿਸ ਨੇ ਬਦੇਸ਼ਾਂ ਵਿੱਚ ਪਰਵਾਸ ਕੀਤਾ ਤਾਂ ਉਹਨਾ ਨੂੰ ਬਦੇਸ਼ਾਂ ਦੇ ਜੀਵਨ ਪੱਧਰ ਨੂੰ ਅਜੀਬ ਮਹਿਸੂਸ ਹੋਇਆ । ਇਸ ਵਖਰਾਅ ਨੇ ਕਈ ਵਾਰ ਪਰਵਾਸੀਆ ਦੇ ਮਨਾ ਵਿੱਚ ਵਾਪਸ, ਆਪਣੇ ਦੇਸ਼ ਜਾਣ ਦੇ ਵਿਚਾਰ ਪੈਦਾ ਕੀਤੇ । ਪੂਰਬੀ ਦੇਸ਼ਾ ਤੇ ਪੱਛਮੀ ਦੇਸ਼ਾ ਦੇ ਜਿੰਦਗੀ ਜਿਊਣ ਕੰਮਕਾਰ ਕਰਨਾ, ਰਹਿਣ ਸਹਿਣ ਆਦਿ ਦੇ ਤਰੀਕੇ ਵੱਖਰੋ-ਵਖਰੇ ਹਨ । ਹਰਜੀਤ ਅਟਵਾਲ ਨੇ ਇਸ ਜੀਵਨ ਪੱਧਰ ਦੀ ਵੱਖਰਤਾ ਨੂੰ ਆਪਣੇ ਸਾਊਥਹਾਲ ਨਾਵਲ ਵਿੱਚ ਪੇਸ਼ ਕੀਤਾ ਹੈ ਅਤੇ ਇਸ ਨਾਵਲ ਵਿੱਚ ਪਾਲਾ ਸਿੰਘ ਤੇ ਪਰਦੁੱਮਣ ਸਿੰਘ ਦੇ ਸਾਹਮਣੇ ਵੀ ਇਹੀ ਸੱਮਸਿਆਂ ਆਉਦੀਂਆਂ ਹਨ ਇਸ ਪਰਵਾਸੀ ਵਖਰੇ ਜੀਵਨ ਨੂੰ ਪਰਿਵਾਰਾਂ ਵਿੱਚ ਪੈਦਾ ਹੁੰਦੀਆ ਸਮੱਸਿਆਵਾਂ ਨੂੰ ਆਪਣੇ  ਨਾਵਲਾ ਵਿੱਚ ਪੇਸ਼ ਕੀਤਾ ।

ਪਰਵਾਸ ਕਰਨ ਵਾਲੇ ਲੋਕਾ ਵਿੱਚ ਬਹੁ ਗਿਣਤੀ ਪੇਂਡੂ ਲੋਕਾ ਦੀ ਸੀ । ਇਹ ਲੋਕ ਕਿਰਸਾਣ ਜੀਵਨ, ਬਤੀਤ ਕਰਦੇ ਸਨ ਤੇ ਆਰਥਿਕ ਥੋੜਾਂ ਕਰਕੇ ਉੱਖੜ ਗਏ ਸਨ । ਪਿੰਡ ਤੋਂ ਬਾਹਰ ਨਾ ਨਿਕਲਣ ਵਾਲੇ ਇਹਨਾ ਲੋਕਾ ਲਈ ਪਛੱਮ ਵੱਲ ਵਧਦਾ ਹਰ ਕਦਮ ਇੱਕ ਅਜ਼ੀਬ ਸੁਪਨੇ ਦੀ ਤਰ੍ਹਾਂ ਹੈ ।ਭਾਰਤੀ ਸਮਾਜ ਵਿੱਚ ਰਹਿਣ ਵਾਲੇ ਜਦੋਂ ਵਲੈਤੀ ਸਮਾਜ ਵਿੱਚ ਆਉਂਦੇ ਹਨ ਤਾਂ ਉਹ ਆਪਣੇ ਆਪ ਨੂੰ ਛੇਤੀ ਬਦਲ ਨਹੀਂ ਸਕਦੇ । ਇਹ ਵੱਖਰਤਾ ਖਾਣ ਪਹਿਨਣ, ਬੋਲਚਾਲ, ਰਹਿਣ ਸਹਿਣ ਸੰਸਕਾਰ, ਘੁੰਮਣ ਫਿਰਨ, ਕਾਨੂੰਨੀ ਆਦਿ ਹੋਰ ਪੱਖਾ ਵਿੱਚ ਵੀ ਹੈ। ਹਰਜੀਤ ਅਟਵਾਲ ਦੇ ਨਵਲ ਰੇਤ ਵਿੱਚ ਮਾਨਵੀ ਰਿਸ਼ਤਿਆਂ ਨੂੰ ਮੁੱਖ ਤੋਰ ਤੇ ਔਰਤ ਮਰਦਾ ਦੇ ਸੰਬੰਧਾਂ ਨੂੰ ਉਸਾਰਿਆ ਗਿਆ ਹੈ ।ਨਾਵਲ ਵਿਚਲੇ ਪਾਤਰ ਪਿਛੋਕੜ ਪਖੋਂ ਇਕ ਸਭਿਆਚਾਰ ਨਾਲ ਸੰਬੰਧਿਤ ਹਨ ।ਪਰ ਪੱਛਮੀ ਧਰਤਾਲ ਤੇ ਇਨ੍ਹਾਂ ਦੋਹਾਂ ਦੀ ਸੱਮਸਿਆਂ ਦਾ ਇਕ ਹੋਣਾ ਇਹਨਾਂ ਲੋਕਾਂ ਦੀ ਦੋ ਸਭਿਆਚਾਰੱ ਵਿਚਕਾਰ ਵੰਡੀ ਹੋਈ ਮਾਨਸਿਕਤਾ ਦਾ ਹੀ ਹੈ।ਨਾਵਲ ਦਾ ਮੁੱਖ ਪਾਤਰ ਰਵੀ ਇੰਗਲੈਂਡ  ਦੇ ਸੁਫਨੇ ਲੈਂਦਾ ਹੈ ।ਰਵੀ ਪੂਰਬੀ ਪੰਜਾਬ ਦੇ ਦੁਆਬੇ  ਤੋਂ ਇੰਗਲੈਂਡ ਦੀ ਕੁੜੀ ਕੰਵਲ ਨਾਲ ਵਿਆਹ ਕਰਵਾ ਕੇ ਪੁਹੰਚਦਾ ਹੈ ਪਰ ਕੰਵਲ ਤੇ ਉਸ ਦਾ ਪਰਿਵਾਰ ਰਵੀ ਤੋਂ ਬਹੁਤ ਪਹਿਲਾਂ ਬਰਤਾਨੀਆਂ ਪੁਹੰਚ ਗਏ ਸਨ ਜਿਸ ਕਾਰਣ ਪੂਰਬੀ ਸਭਿਆਚਾਰ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਪੱਛਮੀ ਜੀਵਨ ਵਿਧੀ ਅਨੁਸਾਰ ਜੌਵਨ ਬਿਤਾਂਉਂਦੀ ਹੈ। ਨਾਵਲ ਵਿਚਲੇ ਪਾਤਰ ਰਵੀ ਤੇ ਕੰਵਲ ਦੋਵੇਂ ਪਰਵਾਸੀ ਪੰਜਾਬੀ ਹਨ ਜਿੰਨ੍ਹਾਂ ਪਿਆਰ ਹੋਣ ਦੇ ਬਾਵਜੂਦ ਵੀ ਇੱਕ ਦੂਜੇ ਤੋਂ ਭਿੰਨ ਹਨ ।ਇਹਨਾਂ ਦੋਵਾਂ ਪਾਤਰਾਂ ਵਿੱਚ ਨਿਜੀ ਅਤੇ ਵਿਅਕਤੀਗਤ ਪ੍ਰਵਿਰਤੀਆਂ ਇਕ ਦੂਜੇ ਤੇ ਭਾਰੂ ਹਨ ।ਰਵੀ ਤੇ ਕੰਵਲ ਦੀਆਂ ਹਉਮੇ ਕਾਰਣ ਵਿਆਹ ਵਾਲਾ ਇੱਕ ਪਵਿਤਰ ਰਿਸ਼ਤਾ ਗਹਿਰ ਗੰਭੀਰ ਹੋ ਜਾਂਦਾਂ ਹੈ।

ਰੇਤ ਨਾਵਲ ਵਿੱਚ ਦਰਸਾਇਆ ਗਿਆ ਹੈ ਕਿ ਵਿਆਹ ਇਕ ਪਰਿਵਾਰਕ ਬੰਧਨ ਹੈ ਅਤੇ ਜਿੰਦਗੀ ਦੇ ਹੋਰ ਮਹੱਤਵਪੂਰਨ ਫੈਸਲਿਆ ਦੀ ਤਰ੍ਹਾਂ ਇਹ ਫੈਸਲਾ ਵੀ ਬੜੀ ਸੋਚ ਸਮਝ ਨਾਲ ਲਿਆ ਜਾਂਦਾ ਹੈ । ਹਰ ਮਾਂ ਬਾਪ ਦੀ ਦਿਲੀ ਇੱਛਾ ਹੁੰਦਾ ਹੈ ਉਹਨਾਂ ਦੇ ਧੀ ਪੁੱਤ ਉਹਨਾਂ ਦੀ ਇੱਛਾ ਅਨੁਸਾਰ ਚੰਗੇ ਘਰ ਵਿਆਹੇ ਜਾਣ ਅਤੇ ਖੁਸ਼ੀਆਂ ਭਰਿਆ ਜੀਵਨ ਬਤੀਤ ਕਰਨ ਹੈ । ਭਾਵੇਂ ਇੱਥੇ ਇਹ ਵੀ ਵੇਖਣ ਨੂੰ ਆਉਂਦਾਂ ਹੈ ਕਿ ਪਰਿਵਾਰਕ ਫੁਟ ਗੰਭੀਰ ਸਮੱਸਿਆਵਾਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ । ਪਰਵਾਸੀ ਪੰਜਾਬੀ ਨਾਵਲਕਾਰਾਂ ਨੇ ਇਸ ਸਮੱਸਿਆਵਾਂ ਨੂੰ ਆਪਣੇ ਨਾਵਲਾਂ ਵਿੱਚ ਪੇਸ਼ ਕੀਤਾ ਹੈ ।ਰੇਤ ਨਾਵਲ ਵਿੱਚ ਰਵੀ ਤੇ ਕੰਵਲ ਦੀ ਕਦੇ ਕਦਾਈ ਦੀ ਨੋਕ ਝੋਕ ਹੁੰਦੀ ਹੈ । ਪ੍ਰੰਤੂ ਜਦੋ ਇਹ ਨੋਕ ਝੋਕ ਸਾਧਾਰਨ ਨ ਰਹਿ ਕੇ ਇੱਕ ਵੱਡੀ ਸਮੱਸਿਆਂ ਦਾ ਰੂਪ ਅਖਿਤਆਰ ਧਾਰਨ ਕਰ ਲੈਂਦੀ ਹੈ ਤਾਂ ਇਸ ਸਮੱਸਿਆ ਦਾ ਹੱਲ ਲੱਭਣਾ ਔਖਾ ਹੁੰਦਾ ਹੈ । ਪਰਿਵਾਰਕ ਸਮੱਸਿਆ ਜਦੋਂ ਵਿਰਾਟ ਰੂਪ ਧਾਰਨ ਕਰ ਲਵੇ ਤਾਂ ਇਸਦਾ ਅਸਰ ਬੱਚਿਆਂ ਅਤੇ ਹੋਰ ਪਰਿਵਾਰਕ ਮੈਬਰਾਂ ਤੇ ਵੀ ਪੈਂਦਾ ਹੈ । ਰਿਸ਼ਤਿਆਂ ਦਾ ਅਗਲਾ ਦਿਲਚਸ਼ਪ ਮੋੜ ਰਵੀ ,ਬੀਟਰਸ ਵਿਚਕਾਰ ਹੁੰਦਾਂ ਹੈ।ਵਿਆਹੁਤਾ ਜਿੰਦਗੀ ਤੋਂ ਨਿਰਾਸ਼ ਰਵੀ ਰਾਹ ਤੁਰਦੀ ਬੀਟਰਸ ਵੱਲ ਆਕਰਸ਼ਿਤ ਹੋ ਜਾਂਦਾਂ ਹੈ । ਬੀਟਰਸ ਅਣਵਿਆਹੀ ਮਾਂ ਹੈ ਜਿਸ ਦੇ ਕਈ ਮਰਦਾਂ ਨਾਲ ਸੰਬੰਧ ਰਹਿ ਚੁਕੇ ਹਨ ,ਇਨ੍ਹਾਂ ਵੱਖ-ਵੱਖ ਮਰਦਾਂ ਤੋਂ ਉਸਦੇ ਬੱਚੇ ਵੀ ਹਨ ।ਰਵੀ ਇਕ ਅਜਿਹੇ ਸਮਾਜ ਰਿਸ਼ਤਿਆਂ ਦੀ ਟੁਟ ਭੱਜ ਦਾ ਸ਼ਿਕਾਰ ਹੁੰਦਾਂ ਹੈ ਕਿ ਉਹ ਬੀਟਰਸ ਅਤੇ ਵੱਖ-ਵੱਖ ਰੰਗ ਨਸਲ ਦੀਆਂ ਗੈਰ-ਪ੍ਰਵਾਸੀ ਔਰਤਾਂ ਦੇ ਸੰਪਰਕ ਵਿੱਚ ਆਉਂਦਾ ਹੈ ਤੇ ਬਰਤਾਨਵੀ ਸਮਾਜ ਦੀ ਵਰਤਮਾਨ ਹਕੀਕਤ ਦੇ ਅਨੇਕਾਂ ਲੁਕਵੇਂ -ਅਲੁਕਵੇਂ ਪਾਸਰਾਂ ਦੇ ਰੂ-ਬ-ਰੂ ਹੁੰਦਾਂ ਹੈ। ਅਜੋਕੇ ਸਮਾਜ ਵਿੱਚ ਪਰਵਾਸੀਆਂ ਨੂੰ ਇਹ ਟੁੱਟ ਭੱਜ ਇੱਕ ਵੱਡੀ ਸਮੱਸਿਆਵਾਂ ਦੇ ਰੂਪ ਵਿੱਚ ਆ ਰਹੀ ਹੈ ।ਹਰਜੀਤ ਅਟਵਾਲ ਪਰਵਾਸੀ ਪੰਜਾਬੀ ਨਾਵਲਕਾਰ ਹੈ ਜੋ ਕਿ ਇਸ ਸਮੱਸਿਆਵਾਂ ਨੂੰ ਬੜੀ ਬਰੀਕੀ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ, ਇਹ ਟੁੱਟ ਭੱਜ ਜਿੱਥੇ ਪਤੀ-ਪਤਨੀ ਵਿਚਕਾਰ ਪਾੜਾ ਪਾਉਂਦੀ ਹੈ ਉਥੇ ਇਸਦਾ ਪ੍ਰਭਾਵ ਬੱਚਿਆ ਉਪਰ ਪੈਣਾ ਸੁਭਾਵਿਕ ਹੈ।

ਨਾਵਲ ਰੇਤ ਦੇ ਸਭਿਆਚਾਰਾਂ ਵਿਚ ਵੰਡੀ ਹੋਈ ਮਾਨਸਿਕਤਾ ਦਾ ਹੀ ਜਿਕਰ ਪੇਸ਼ ਨਹੀ ਕੀਤਾ ਸਗੋਂ ਪੱਛਮੀ ਪੰਜਾਬੀ ਸਭਿਆਚਾਰ ਵਿਚਕੇ ਫਰਕ ਨੂੰ ਦੋਹਾਂ ਸਮਾਜਾਂ ਦੇ ਵਸਨੀਕਾਂ ਦੇ ਅੰਤਰ- ਸੰਬੰਧਾਂ ਦੁਆਰਾ ‘ਰੇਤ’ ਦੇ ਚਿਹਨ ਰਾਹੀ ਪੇਸ਼ ਕੀਤਾ ਹੈ।ਇਨ੍ਹਾਂ ਰਿਸ਼ਤਿਆਂ ਵਿਚ ਮਜਬੂਤੀ ਜਾਂ ਸਥਿਰਤਾ ਕਿਤੇ ਨਜ਼ਰ ਨਹੀ ਆਉਂਦੀ ਹੈ ।ਨਾਵਲਾਂ ਵਿਚਲੇ ਪਾਤਰਾਂ ਦਾ ਵਿਅਕਤੀਗਤ ਰੂਪ ਨਿਜੀ ਸੁਆਰਥ ਇਕ ਦੂਜੇ

ਤੇ ਇਹਨੇ ਭਾਰੀ ਹਨ ਕਿ ਨਾਵਲ ਵਿੱਚ ਆਪਸੀ ਰਿਸ਼ਤੇ ਸਵੈ/ਹਉਮੇ ਦਾ ਸ਼ਿਕਾਰ ਹੋਣ ਕਾਰਣ ਸਭਿਆਚਾਰਕ ਸੰਕਟ ਭੋਗਣਾ ਪੈਂਦਾ ਹੈ।

ਹਰਜੀਤ ਅਟਵਾਲ ਆਪਣੇ ਨਾਵਲ ਰਾਹੀ ਸਭਿਆਚਾਰ ਦੀ ਰੂਪਾਂਤ੍ਰਿਤ ਹੋ ਚੁਕੀ ਤਸਵੀਰ ਨੂੰ ਬਖੂਬੀ ਪੇਸ਼ ਕਰਦਾ ਹੈ ਜਿੱਥ ਉਸ ਨੇ ਪੰਜਾਬੀ ਰਿਸ਼ਤਿਆ ਵਿਚਲੀ ਫੁੱਟ ਨੂੰ ਬਾਖੂਬੀ ਪੇਸ਼ ਕੀਤਾ ਹੈ।ਪੱਛਮ ਵਿੱਚ ਰਹਿੰਦੇ ਇਨ੍ਹਾਂ ਪਾਤਰਾਂ ਦਾ ਰਿਸ਼ਤਿਆਂ ਪ੍ਰਤੀ ਸੁਆਰਥ,ਆਪਸੀ ਟੁਟ-ਭੱਜ ਉਭਰ ਕੇ ਸਾਹਮਣੇ ਆਉਂਦੀ ਹੈ ।ਹਰਜੀਤ ਅਟਵਾਲ ਦੇ ਨਾਵਲ ਦੇ ਪਾਤਰ ਕਿਸੇ ਵੀ ਸੱਮਸਿਆ ਦਾ ਡਟ ਕੇ ਸਾਹਮਣਾ ਨਹੀ ਕਰਦੇ ਸਗੋਂ ਪੱਛਮ ਦੀ ਸਭਿਆਚਾਰਕ ਜਿੰਦਗੀ ਵਿਚ ਵਿਲੀਨ ਹੋ ਚੁਕੇ ਹਨ।

ਹਵਾਲਾ ਸੂਚੀ

ਜੋਗਿੰਦਰ ਸਿੰਘ ਨਹਿਰੂ, ਪੰਜਾਬੀ ਕਨੇਡੀਅਨ ਸਾਹਿਤ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ, 2004

ਸੁਰਿੰਦਰਪਾਲ ਸਿੰਘ, ਪਰਵਾਸੀ ਪੰਜਾਬੀ ਸਾਹਿਤ, ਗੁਰੂ ਨਾਨਕ ਦੇਵ ਯੂਨੀ, ਅੰਮ੍ਰਿਤਸਰ,1990

ਚੰਚਲ ਬਾਲਾ,ਪਰਵਾਸ ਤੇ ਪਰਵਾਸੀ ਅਨੁਭਵ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2009

ਹਰਜੀਤ ਅਟਵਾਲ, ਰੇਤ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2004

ਹਰਜੀਤ ਅਟਵਾਲ, ਸਾਊਥਹਾਲ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2009